ਭਾਈ ਘਨੱਈਆ ਦੇ ਵਾਰਸ ਕੈਟਰੀਨਾ ਦੇ ਕਹਿਰ ਹੇਠ ਆਏ ਲੋਕਾਂ ਦੀ ਮੱਦਦ ਲਈ ਅੱਪੜੇ

'ਯੂਨਾਇਟਿਡ ਸਿੱਖਜ਼' ਵਲੋਂ ਸਮੂੰਹ ਸਿੱਖਾਂ ਨੂੰ ਦਿਲ ਖੋਲ੍ਹ ਕੇ ਦਾਨ ਦੇਣ ਦੀ ਅਪੀਲ

ਬੈਟਨ ਰੂਜ਼/ਲੂਜ਼ੀਆਨਾ (ਚੜ੍ਹਦੀ ਕਲਾ ਬਿਊਰੋ)–ਇਸ ਇਲਾਕੇ ਵਿੱਚ ਕੈਟਰੀਨਾ ਤੂਫਾਨ ਦੇ ਕਹਿਰ ਹੇਠ ਆਏ ਲੋਕਾਂ ਦੀ

ਕੈਟਰੀਨਾ ਤੂਫਾਨ ਕਾਰਨ ਬੇਘਰ ਹੋਏ ਪੀੜਤਾਂ ਦਾ ਦੁੱਖ ਵੰਡਾਉਣ ਪਹੁੰਚੇ 'ਯੂਨਾਇਟਿਡ ਸਿੱਖਜ਼' ਦੇ ਸੇਵਾਦਾਰ ਅਤੇ ਵਲੰਟੀਅਰ

ਸਥਾਨਕ ਲੋਕਾਂ ਤੋਂ ਪੀੜਤਾਂ ਸਬੰਧੀ ਜਾਣਕਾਰੀ ਇਕੱਤਰ ਕਰ ਰਿਹਾ 'ਯੂਨਾਇਟਿਡ ਸਿੱਖਜ਼' ਦਾ ਸੇਵਾਦਾਰ

ਮੱਦਦ ਲਈ ਜਿੱਥੇ ਵਿਸ਼ਵ ਪੱਧਰ 'ਤੇ ਕੋਸ਼ਿਸ਼ਾਂ ਹੋ ਰਹੀਆਂ ਹਨ, ਉਥੇ ਭਾਈ ਘਨੱਈਆ ਜੀ ਦੀ ਸੋਚ ਦੇ ਵਾਰਸ ਸਿੱਖਾਂ ਵਲੋਂ ਵੀ ਦੁੱਖ ਦੀ ਮਾਰ ਹੇਠ ਆਏ ਇਨ੍ਹਾਂ ਲੋਕਾਂ ਦੀ ਸਹਾਇਤਾ ਲਈ ਯਤਨ ਕੀਤੇ ਜਾ ਰਹੇ ਹਨ।

"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਗੁਰੂਵਾਕ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਸਮਾਜ ਸੇਵਕ ਸਿੱਖ ਸੰਸਥਾ "ਯੂਨਾਈਟਿਡ ਸਿੱਖਜ਼" ਦੇ ਸੇਵਾਦਾਰ ਇਸ ਕਾਰਜ ਲਈ ਤੂਫਾਨ ਪੀੜਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਲੈ ਕੇ ਪਹੁੰਚ ਚੁੱਕੇ ਹਨ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ "ਯੂਨਾਈਟਿਡ ਸਿੱਖਜ਼ ਘਨੱਈਆ ਐਮਰਜੈਂਸੀ ਰਿਲੀਫ ਕਮਾਂਡ ਸੈਂਟਰ" ਦੀ ਸਥਾਪਨਾ ਕੀਤੀ ਗਈ ਹੈ। ਇਨ੍ਹਾਂ ਵਲੋਂ ਬੈਟਨ ਰੂਜ਼ ਦੇ ਦੋ ਸਹਾਇਤਾ ਕੇਂਦਰਾਂ ਵਿੱਚ 2600 ਲੋਕਾਂ ਨੂੰ ਗਰਮ ਖਾਣੇ ਤੋਂ ਇਲਾਵਾ ਲੋੜੀਂਦੀਆਂ ਵਸਤਾਂ ਅਤੇ ਰਾਹਤ ਸਮੱਗਰੀ ਦੇਣ ਦਾ ਟੀਚਾ ਮਿੱਥਿਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 1300 ਲੋਕਾਂ ਨੂੰ ਸੰਸਥਾ ਵਲੋਂ ਗਰਮ ਖਾਣਾ ਦਿੱਤਾ ਜਾ ਚੁੱਕਾ ਹੈ।

ਵਰਨਣਯੋਗ ਹੈ ਕਿ ਨਿਊ ਓਰਲੀਅਨ ਇਲਾਕੇ ਵਿੱਚ ਲਗਭਗ 70 ਸਿੱਖ ਪਰਿਵਾਰ ਵਸਦੇ ਸਨ, ਜਿਨ੍ਹਾਂ ਵਿੱਚੋਂ ਬਹੁਤੇ ਹੁਣ ਬੇਘਰ ਹੋ ਚੁੱਕੇ ਹਨ। ਸਿੱਖਾਂ ਵਲੋਂ ਉਸਾਰਿਆ ਗਿਆ ਗੁਰਦੁਆਰਾ ਸਾਹਿਬ ਵੀ 20 ਫੁੱਟ ਪਾਣੀ ਵਿੱਚ ਡੁੱਬ ਗਿਆ ਸੀ। ਤੂਫਾਨ ਦੌਰਾਨ ਸਾਰੇ ਸਿੱਖ ਪਰਿਵਾਰ ਠੀਕ ਠਾਕ ਬਾਹਰ ਨਿਕਲ ਗਏ ਸਨ ਪਰ ਇੱਕ ਸਿੱਖ ਡਾ. ਗੁਰਬਚਨ ਸਿੰਘ ਸੋਹੀ ਦੀ ਅਜੇ ਤੱਕ ਕੋਈ ਉੱਘ ਸੁੱਘ ਨਹੀਂ ਨਿਕਲੀ।

ਗੌਰਤਲਬ ਹੈ ਕਿ ਗੁਰਦੁਆਰਾ ਸਾਹਿਬ ਵਿੱਚ ਮਹਾਰਾਜ ਦਾ ਸੁੱਖ ਆਸਣ ਕੀਤਾ ਹੋਇਆ ਸੀ, ਜੋ ਕਿਸੇ ਕਾਰਨ ਭਾਈ ਸਾਹਿਬ ਜਾਂ ਉਥੋਂ ਦੀ ਸੰਗਤ ਕੋਲੋਂ ਚੁੱਕਿਆ ਨਹੀਂ ਗਿਆ। ਇਹ ਸਰੂਪ ਅਜੇ ਤੱਕ ਗੁਰਦੁਆਰਾ ਸਾਹਿਬ ਵਿਖੇ ਹੀ ਪਿਆ

ਹੈ। "ਯੂਨਾਈਟਿਡ ਸਿੱਖਜ਼" ਦੇ ਸੇਵਾਦਾਰਾਂ ਵਲੋਂ ਜੰਗੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਥੋਂ ਜਲਦੀ ਤੋਂ ਜਲਦੀ ਲਿਆਂਦਾ ਜਾ ਸਕੇ। ਇਸ ਮਕਸਦ ਲਈ ਸਰਕਾਰੀ ਏਜੰਸੀਆਂ ਨਾਲ ਗੱਲਬਾਤ ਚੱਲ ਰਹੀ ਹੈ ਅਤੇ ਕਾਂਗਰਸਮੈਨ ਬੌਬੀ ਜਿੰਦਲ ਦਾ ਸਹਿਯੋਗ ਵੀ ਲਿਆ ਜਾ ਰਿਹਾ ਹੈ। ਆਸ ਹੈ ਕਿ ਬਹੁਤ ਜਲਦੀ ਹੈਲੀਕਾਪਟਰ ਦਾ ਪ੍ਰਬੰਧ ਕਰਕੇ ਮਹਾਰਾਜ ਦਾ ਸਰੂਪ ਉਥੋਂ ਲਿਆਂਦਾ ਜਾਵੇਗਾ।

ਯੂਨਾਈਟਿਡ ਸਿੱਖਜ਼ ਵਲੋਂ ਲੰਗਰ ਦੀ ਪ੍ਰਥਾ ਨੂੰ ਕਾਇਮ ਰੱਖਦਿਆਂ ਖਾਣੇ ਦਾ ਟਰੱਕ ਪ੍ਰਭਾਵਿਤ ਇਲਾਕੇ ਵਿੱਚ ਪਹੁੰਚਾ ਦਿੱਤਾ ਗਿਆ ਹੈ। ਯੂਨਾਈਟਿਡ ਸਿੱਖਜ਼ ਵਲੋਂ ਸਿੱਖਾਂ ਨੂੰ ਅਪੀਲ ਕੀਤੀ ਗਈ ਹੈ ਕਿ 6 ਹਜ਼ਾਰ ਲੋਕਾਂ ਨੂੰ ਪਾਣੀ, ਕੱਪੜੇ, ਕੰਬਲ, ਸਿਰਹਾਣੇ ਅਤੇ ਤੌਲੀਏ ਆਦਿ ਪਹੁੰਚਾਉਣ ਲਈ ਮਦਦ ਲਈ ਅੱਗੇ ਆਓ। ਸੰਸਥਾ ਦੇ ਬੁਲਾਰੇ ਸ. ਗੁਰਵਿੰਦਰ ਸਿੰਘ ਨੇ ਦੱਸਿਆ ਕਿ ਲੰਗਰ ਲਈ 1 ਲੱਖ ਡਾਲਰ ਦੀ ਜ਼ਰੂਰਤ ਹੈ। ਬਹੁਤ ਸਾਰੇ ਸਿੱਖ ਇਸ ਲਈ ਮੱਦਦ ਕਰ ਰਹੇ ਹਨ। ਬਹੁਤ ਸਾਰੇ ਸਿੱਖ ਵਲੰਟੀਅਰ ਟੈਕਸਾਸ, ਨਿਊਜਰਸੀ, ਨਿਊਯਾਰਕ ਅਤੇ ਕੈਨਸਾਸ ਤੋਂ ਸੇਵਾਵਾਂ ਦੇਣ ਲਈ ਪਹੁੰਚ ਰਹੇ ਹਨ। ਯੂਨੀਫੀਕੇਸ਼ਨ ਚਰਚ ਨੇ ਆਪਣੀ ਰਸੋਈ ਯੂਨਾਈਟਿਡ ਸਿੱਖਜ਼ ਨੂੰ ਖਾਣੇ ਬਣਾਉਣ ਦੇ ਲਈ ਦੇ ਦਿੱਤੀ ਹੈ।

ਲੂਜ਼ੀਆਨਾ ਦੇ ਮੇਅਰ ਅਤੇ ਗਵਰਨਰ ਨੇ ਸੰਸਥਾ ਨਾਲ ਵਾਅਦਾ ਕੀਤਾ ਹੈ ਕਿ ਉਨ੍ਹਾਂ ਵਲੋਂ ਸੰਸਥਾ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ। ਯੂਨਾਈਟਿਡ ਸਿੱਖਜ਼ ਵਲੋਂ ਇਸ ਕਾਰਜ ਵਿੱਚ ਉਨ੍ਹਾਂ ਦੀ ਸਹਾਇਤਾ ਕਰ ਰਹੀਆਂ ਜਥੇਬੰਦੀਆਂ, ਗੁਰਦੁਆਰਿਆਂ ਅਤੇ ਆਮ ਸਿੱਖਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ ਅਤੇ ਨਾਲ ਹੀ ਬਾਕੀ ਜਥੇਬੰਦੀਆਂ, ਗੁਰਦੁਆਰਿਆਂ ਅਤੇ ਸਿੱਖ ਸੰਗਤ ਅੱਗੇ ਸਨਿਮਰ ਬੇਨਤੀ ਕੀਤੀ ਗਈ ਹੈ ਕਿ ਕੈਟਰੀਨਾ ਤੂਫਾਨ ਦੇ ਪੀੜਤਾਂ ਦੀ ਮੱਦਦ ਲਈ ਦਾਨ ਦੇਣ ਵਾਸਤੇ ਦਿਲ ਖੋਲ੍ਹ ਕੇ ਮੱਦਦ ਕੀਤੀ ਜਾਵੇ।

ਹੋਰ ਜਾਣਕਾਰੀ ਲਈ ਵੈਬਸਾਈਟ:

www.unitedsikhs.org/katrina

ਜਾਂ ਫੋਨ ਕਰੋ 1-888-243-1690

ਗੁਰਮੇਲ ਸਿੰਘ ਢੇਸੀ-903-744-2131

ਹਰਦਿਆਲ ਸਿੰਘ-973-980-2379